IB DIPLOMA PROGRAMME
PROGRAMME DU DIPLÔME DU BI
PROGRAMA DEL DIPLOMA DEL BI

M07/1/A1PUN/SP1/PAN/TZ0/XX

22070239

**PUNJABI A1 – STANDARD LEVEL – PAPER 1**
**PANJABI A1 – NIVEAU MOYEN – ÉPREUVE 1**
**PUNJABI A1 – NIVEL MEDIO – PRUEBA 1**

Monday 14 May 2007 (morning)
Lundi 14 mai 2007 (matin)
Lunes 14 de mayo de 2007 (mañana)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Write a commentary on one passage only. It is not compulsory for you to respond directly to the guiding questions provided. However, you may use them if you wish.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Rédigez un commentaire sur un seul des passages. Le commentaire ne doit pas nécessairement répondre aux questions d'orientation fournies. Vous pouvez toutefois les utiliser si vous le désirez.

INSTRUCCIONES PARA LOS ALUMNOS

- No abra esta prueba hasta que se lo autoricen.
- Escriba un comentario sobre un solo fragmento. No es obligatorio responder directamente a las preguntas que se ofrecen a modo de guía. Sin embargo, puede usarlas si lo desea.



© IBO 2007

**ਹੇਠ ਲਿਖਿਆਂ ਵਿੱਚੋਂ ਕਿਸੇ ਇੱਕ (ੳ) ਜਾਂ (ਅ) ਤੇ ਟਿੱਪਣੀ ਲਿਖੋ ।**

**(ੳ)**

ਰਾਣੋ ਜਿਹਨੂੰ ਆਪਣੇ ਪਤੀ ਦੀ ਮੌਤ ਤੇ ਰੋਣ ਨਹੀਂ ਸੀ ਆਇਆ, ਏਨੀ ਗੱਲ ਸੁਣ ਕੇ ਉਹਦੀਆਂ ਭੁੱਬਾਂ ਨਿਕਲ ਗਈਆਂ ਅਤੇ ਥੋੜ੍ਹੀ ਦੇਰ ਵਿੱਚ ਹੀ ਉਹ ਆਪਣੇ ਹੰਝੂਆਂ ਦੇ ਵਹਿਣ ਵਿੱਚ ਇੰਜ ਵਹਿ ਗਈ ਕਿ ਰਿੜ੍ਹਨ ਜੋਗੀ ਵੀ ਨਾ ਰਹੀ । ਉਹ ਰੋ ਰਹੀ ਸੀ ਤੇ ਕਹਿ ਰਹੀ ਸੀ, "ਮੈਂ ਕਿਉਂ ਜਾਵਾਂ ? ਕੀ ਨਹੀਂ ਕੀਤਾ ਮੈਂ ਇਸ ਘਰ ਲਈ ? ਪੁੱਤਰ ਨਹੀਂ ਜੰਮੇ ਕਿ ਧੀ ਨਹੀਂ ਜੰਮੀ ----?

ਮੰਗਲ ਕਹਿਣ ਲੱਗਾ, "ਕਸੂਰ ਭਾਬੀ ਦਾ ਨਹੀਂ, ਮੇਰਾ ਏ ।"

"ਤੇਰਾ ਖਾਹ ਮਖਾਹ," ਜਿੰਦਾਂ ਕੜਕ ਪਈ । " ਜਿਹੜੀ ਤੀਵੀਂ ਆਪਣੇ ਬੱਚਿਆਂ ਦੀ ਨਹੀਂ, ਉਹ ਹੋਰ ਕੀਹਦੀ ਹੋਵੇਗੀ ?" ਅਤੇ ਫਿਰ ਰਾਣੋ ਵੱਲ ਮੂੰਹ ਮੋੜ ਕੇ ਕਹਿਣ ਲੱਗੀ, "ਗੁਰੂ ਦੇ ਵਾਸਤੇ, ਰੱਬ ਦੇ ਵਾਸਤੇ, ਦੇਵੀ ਮਾਤਾ ਦੇ ਵਾਸਤੇ, ਤੂੰ ਦਫਾ ਹੋ ਜਾ, ਜੋ ਅੰਨ੍ਹਾ ਕਾਣਾ ਲਭਦਾ ਈ ਕਰ ਲੈ ------- ਏਥੋਂ ਮਰ ਲੈ ----।"

ਰਾਣੋ ਉੱਠੀ, ਅਤੇ ਜਿੰਦਾਂ ਨੂੰ ਇਸ ਤਰ੍ਹਾਂ ਵੇਖਿਆ ਜਿਵੇਂ ਕਹਿ ਰਹੀ ਹੋਵੇ, 'ਤੂੰ ਜਨਣੀ ਹੈਂ, ਮਾਂ ! ਜਗਤ ਮਾਤਾ ਏਂ, ਤੂੰ ਤਾਂ ਨਾ ਮੈਨੂੰ ਧਿਰਕਾਰ ਜਿਵੇਂ ਕਿਵੇਂ ਵੀ ਹੋਵੇ, ਮੈਨੂੰ ਰੱਖ ਲੈ, ਮੇਰਾ ਇਸ ਜੱਗ ਜਹਾਨ ਵਿੱਚ ਕੋਈ ਨਹੀਂ, ਕੋਈ ਨਹੀਂ ।' ਅਤੇ ਇਸ ਡਰ ਦੇ ਕਾਰਣ ਉਸ ਨੇ ਸਾਰਿਆਂ ਦੇ ਹਿੱਸੇ ਦੇ ਚੌਲ ਖਾ ਲਏ । ਅਤੇ ਹੁਣ ਉਸਨੂੰ ਸਮਝ ਨਹੀਂ ਸੀ ਆ ਰਹੀ, ਕਿ ਇਸ ਘਰ ਵਿੱਚ ਰਹੇ ਤਾਂ ਰਹੇ ਕਿਵੇਂ ? ਬੱਚੇ ਪਲ ਚੁੱਕੇ ਸਨ, ਵੱਡੇ ਹੋ ਚੁੱਕੇ ਸਨ, ਤੇ ਕਾਨੂੰਨ ਦੀ ਨਜ਼ਰ ਵਿੱਚ ਉਹ ਤਲੋਕੇ ਦੇ ਸਨ । ਉਹਦੇ ਥੋੜ੍ਹੇ ਸਨ ? ਸੱਸ ਸਹੁਰਾ ਪਿੰਡ, ਪੰਚਾਇਤ, ਉਹਨਾਂ ਨੂੰ ਜੇ ਲਿਜਾਣ ਦੀ ਜੇ ਆਗਿਆ ਦੇ ਵੀ ਦੇਣ ਤਾਂ ਉਹਨਾਂ ਨੂੰ ਲੈ ਕੇ ਕਿੱਥੇ ਜਾਂਦੀ ? ਆਪ ਮੰਗਦੀ ਪਿੰਨਦੀ ? ਉਹਨਾਂ ਨੂੰ ਮੰਗਣ ਡਾਹ ਦਿੰਦੀ ? ਫਿਰ ਬੰਤੇ, ਸੰਤੇ, ਅਤੇ ਵੱਡੀ ਸਾਰਿਆਂ ਨੂੰ ਉਹ ਇੱਕੋ ਜਿਹਾ ਪਿਆਰ ਕਰਦੀ ਸੀ । ਅਜੇ ਵੀ ਉਹ ਉਹਦੀ ਦੇਖਭਾਲ ਦੇ ਮੁਥਾਜ ਸਨ, ਇੱਕ ਨੂੰ ਛਡਣ ਦਾ ਖਿਆਲ ਕਰਦੀ ਤਾਂ ਦੂਜੀ ਪਸਲੀ ਤੜਫ ਪੈਂਦੀ ਤੇ ਉਹ ਡਡਿਆ ਉਠਦੀ ------ "ਹਾਏ, ਬੇਬੇ, ਹਾਲੀਂ ਤੇ ਇਹਨਾਂ ਦੀ ਪੀੜ ਵੀ ਮੇਰੀਆਂ ਵੱਖੀਆਂ 'ਚੋਂ ਨਹੀਂ ਗਈ ---।" ਏਨੇ ਛੋਟੇ ਵੀ ਨਹੀਂ ਸਨ ਕਿ ਨਾਲ ਲੈ ਜਾਂਦੀ, ਏਨੇ ਵੱਡੇ ਵੀ ਨਹੀਂ ਸਨ ਕਿ ਛੱਡ ਸਕਦੀ । ------ ਸੱਸ ਉੱਠਦੀ ਨੂੰ ਜੁੱਤੀ ਤੇ ਬੈਠਦੀ ਨੂੰ ਲੱਤ ਮਾਰਦੀ ਰਹਿੰਦੀ ਅਤੇ ਰਾਣੋ ਵੀ ਹੁਣ ਇਹ ਸਮਝਣ ਲੱਗ ਪਈ ਸੀ ਕਿ ਜਿਸ ਦੇ ਸਿਰ ਦਾ ਸਾਈਂ ਮਰ ਜਾਵੇ ਉਹਦਾ ਇਹੀ ਹਾਲ ਹੁੰਦਾ ਹੈ । ਉਹਦਾ ਘਰ ਰਹਿਣ ਦਾ ਕੋਈ ਹੱਕ ਨਹੀਂ, ਇਸ ਦੁਨੀਆਂ ਵਿੱਚ ਰਹਿਣ ਦਾ ਕੋਈ ਹੱਕ ਨਹੀਂ ।

ਉਹਦੀ ਇਹ ਹਾਲਤ ਦੇਖ ਕੇ ਇੱਕ ਦਿਨ ਚੰਨੋ ਉਹਦੇ ਗਲ ਵਿੱਚ ਬਾਂਹ ਪਾ ਕੇ ਆਪਣੇ ਘਰ ਲੈ ਗਈ । ਸਾਗ ਨਾਲ ਮਕੱਈ ਦੀ ਰੋਟੀ ਖੁਆਈ ਜੋ ਉਸਨੇ ਇਸ ਡਰੋਂ ਰੱਜ ਕੇ ਨਾ ਖਾਧੀ ਕਿ ਮੁੜ ਕੇ ਨਹੀਂ ਮਿਲਣੀ । ਫਿਰ ਚੰਨੋ ਮੂੜ੍ਹਾ ਸਰਕਾ ਕੇ ਰਾਣੋ ਦੇ ਕੋਲ ਹੋ ਕੇ ਬਹਿ ਗਈ ਅਤੇ ਬੋਲੀ, "ਦੇਖ ਬੀਬੀਏ, ਮੈਂ ਤੈਨੂੰ ਇੱਕ ਗੱਲ ਕਹਿਨੀ ਆਂ, ਪਰ ਜੇ ਤੂੰ ਮੰਨੇ ਤਾਂ -----

ਰਾਣੋ ਨੇ ਚੰਨੋ ਵਲ ਵੇਖਿਆ ।

ਚੰਨੋ ਨੇ ਗੱਲ ਸ਼ੁਰੂ ਕਰ ਦਿੱਤੀ, "ਇਹ ਜਿੰਦਾਂ ਬੰਦੀ, ਇਹ ਤੇਰੀ ਸੱਸ, ਤੈਨੂੰ ਜੀਣ ਨਾ ਦਏਗੀ । ਇੱਥੇ ਰਹਿਣ ਦਾ ਇਕੋ ਰਾਹ ਰਹਿ ਗਿਆ ਏ ।"

"ਕਿਹੜਾ ਰਾਹ ?" ਰਾਣੋ ਨੇ ਜਾਣਨ ਤੋਂ ਪਹਿਲਾਂ ਹੀ ਹੌਂਸਲਾ ਕਰਦਿਆਂ ਕਿਹਾ ।

" ਉਹ ਇਹ ਕਿ ਤੂੰ ਮੰਗਲ ਨਾਲ ਵਿਆਹ ਕਰ ਲੈ, ਚਾਦਰ ਪਾ ਲੈ ।"

“ਨਹੀਂ,” ਰਾਣੋ ਇਕਦਮ ਖੜ੍ਹੀ ਹੋ ਗਈ। “ਇਹ ਤੂੰ ਕੀ ਆਖ ਰਹੀ ਏਂ ---ਚੰਨੋ ?”

“ਠੀਕ ਹੀ ਆਖ ਰਹੀ ਆਂ, ਜਦ ਵੱਡਾ ਭਰਾ ਪੂਰਾ ਹੋ ਜਾਏ ਤਾਂ ----------”

“ਇਹ ਨਹੀ ਹੋ ਸਕਦਾ ! ਰਾਣੋ ਨੇ ਕਿਹਾ ਅਤੇ ਉਹ ਸਿਰ ਤੋਂ ਪੈਰਾਂ ਤਕ ਕੰਬ ਗਈ। ਮੰਗਲ ਬੱਚਾ ਏ, ਮੈਂ ਉਹਨੂੰ ਬੱਚਿਆਂ ਵਾਂਗ ਪਾਲਿਆ ਏ, ਉਮਰ ਵਿੱਚ ਮੈਥੋਂ ਕੁਝ ਨਹੀਂ ਦਸ ਯਾਰਾਂ ਸਾਲ ਛੋਟਾ ਏ ---- । --------- ਮੈਂ ਤਾਂ ਇਹ ਸੋਚ ਵੀ ਨਹੀਂ ਸਕਦੀ।” ਅਤੇ ਰਾਣੋ ਆਪਣੇ ਘਰ ਵਲ ਭੱਜ ਗਈ।

‘ਇੱਕ ਚਾਦਰ ਅੱਧੋਰਾਣੀ’ ਰਾਜਿੰਦਰ ਸਿੰਘ ਬੇਦੀ 1985
ਨਵਯੁਗ ਪ੍ਰੈਸ, ਚਾਂਦਨੀ ਚੌਂਕ, ਦਿੱਲੀ

— ਇਸ ਵਾਰਤਾ ਰਾਹੀਂ ਲੇਖਕ ਨੇ ‘ਮਰਦ ਪ੍ਰਧਾਨ ਸਮਾਜ’ ਬਾਰੇ ਕਿਹੜੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਹੈ ?

— ਵਾਰਤਾ ਵਿੱਚ ਵਰਤੀ ਗਈ ਬੋਲੀ ਤੇ ਸ਼ਬਦਾਵਲੀ ਰਾਣੋ ਦੇ ਵਿਚਾਰ ਪੇਸ਼ ਕਰਨ ਵਿੱਚ ਕਿਵੇਂ ਸਹਾਇਤਾ ਕਰਦੀ ਹੈ ?

— ਲੇਖਕ ਵਲੋਂ ਵਰਤੀ ਗਈ ਬੋਲੀ ਤੇ ਸ਼ੈਲੀ ਤੇ ਵਿਚਾਰ ਕਰਦੇ ਹੋਏ ਦੱਸੋ ਕਿ ਕੀ ਲੇਖਕ ਆਪਣੇ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਿੱਚ ਸਫਲ ਹੋਇਆ ਹੈ ?

— ਵਾਰਤਾ ਵਿੱਚ ਪੇਸ਼ ਕੀਤੀ ਚੰਨੋ ਦੇ ਸੁਭਾਅ ਤੇ ਵਿਚਾਰਾਂ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

(ਅ)

**ਦਰੋਣਾਚਾਰੀਆ ਦੇ ਨਾਂ**

ਮੇਰੇ ਗੁਰਦੇਵ ! ਜੇ ਓਦੋਂ ਹੀ ਤੁਸੀਂ ਇੱਕ ਭੀਲ ਬੱਚਾ ਸਮਝ ਕੇ
ਮੇਰਾ ਅੰਗੂਠਾ ਕੱਟ ਦਿੰਦੇ
ਤਾਂ ਕਹਾਣੀ ਹੋਰ ਸੀ -------

ਪਰ ਐੱਨ ਸੀ ਸੀ ਵਿੱਚ
ਤੁਸਾਂ ਬੰਦੂਕ ਚੁੱਕਣ ਦਾ ਨੁਕਤਾ ਤਾਂ ਆਪ ਦੱਸਿਆ ਸੀ
ਕਿ ਆਪਣੇ ਦੇਸ਼ ਦੇ ਉੱਤੇ
ਜਦੋਂ ਕੋਈ ਭੀੜ ਬਣ ਜਾਵੇ
ਤਾਂ ਕੀਕਣ ਟਾਰਗਟ ਦੁਸ਼ਮਣ ਨੂੰ ਧਾਰ ਕੇ
ਤੇ ਘੋੜਾ ਨੱਪ ਦੇਣਾ ਹੈ ---------------------

ਹੁਣ ਜਦੋਂ ਦੇਸ਼ ਉੱਤੇ ਭੀੜ ਆਈ ਹੈ
ਮੇਰੇ ਗੁਰਦੇਵ !
ਆਪੂੰ ਹੀ ਤੁਸੀਂ ਦੁਰਯੋਧਨਾਂ ਸੰਗ ਜਾ ਖਲੋਤੇ ਹੋ
ਪਰ ਹੁਣ ਤੁਹਾਡਾ ਚੱਕਰ-ਵਯੂਹ
ਕਿਧਰੇ ਵੀ ਕਾਰਗਰ ਨਹੀਂ ਹੋਣਾ
ਤੇ ਪਹਿਲੇ ਵਾਰ ਅੰਦਰ ਹੀ
ਹਰ ਘਣਚੱਕਰ ਦਾ
ਚੁਰਾਸੀ–ਚੱਕਰ ਕੱਟਿਆ ਜਾਵੇਗਾ
ਹਾਂ, ਜੇ ਬਾਲ ਉਮਰੇ ਹੀ, ਤੁਸੀਂ ਇੱਕ ਭੀਲ ਬੱਚਾ ਸਮਝ ਕੇ
ਮੇਰਾ ਅੰਗੂਠਾ ਕੱਟ ਦਿੰਦੇ
ਤਾਂ ਕਹਾਣੀ ਹੋਰ ਸੀ -------------

ਅਵਤਾਰ ਸਿੰਘ ਪਾਸ਼, 1974
ਲਾਹੌਰ ਬੁੱਕ ਸ਼ਾਪ
ਲੁਧਿਆਣਾ, ਪੰਜਾਬ

— ਕਵੀ ਨੇ ਇਸ ਕਵਿਤਾ ਵਿੱਚ ਕੀ ਕਹਿਣ ਦੀ ਕੋਸ਼ਿਸ਼ ਕੀਤੀ ਹੈ ?

— ਕਵਿਤਾ ਦੇ ਵਿਸ਼ੇ ਵਸਤੂ ਨੇ ਸਮਾਜ ਤੇ ਕਿਸ ਤਰ੍ਹਾਂ ਦੀ ਟਿੱਪਣੀ ਕੀਤੀ ਹੈ ?

— ਕਵਿਤਾ ਦੀ ਬੋਲੀ, ਸ਼ੈਲੀ ਤੇ ਸ਼ਬਦਾਵਲੀ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?

— ਇਸ ਕਵਿਤਾ ਦੇ ਵਿਸ਼ੇ ਵਸਤੂ ਨੇ ਤੁਹਾਡੇ ਮਨ ਤੇ ਕੀ ਪ੍ਰਭਾਵ ਪਾਇਆ ?